

ਜਗਰਾਉਂ
ਅਜੀਤ, ਜਲੰਧਰ
ਅਜੀਤ
ਬੁੱਧਵਾਰ, 29 ਅਕਤੂਬਰ 2025
5




# ਨਸ਼ਾ ਤਸਕਰਾਂ ਖ਼ਿਲਾਫ਼ ਜਨਤਕ ਜਥੇਬੰਦੀਆਂ ਅਤੇ ਪੱਤਰਕਾਰਾਂ ਵਲੋਂ ਵਿਸ਼ਾਲ ਰੋਸ ਮਾਰਚ ਤੇ ਧਰਨਾ

## ਏ.ਡੀ.ਸੀ. ਨੂੰ ਮੰਗ ਪੱਤਰ ਦੇ ਕੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਦੀ ਮੰਗ

ਜਗਰਾਉਂ, 28 ਅਕਤੂਬਰ (ਗੁਰਦੀਪ ਸਿੰਘ ਮਲਕ)-ਨਸ਼ਾ ਤਸਕਰਾਂ ਖ਼ਿਲਾਫ਼ ਖ਼ਬਰ ਲਾਉਣ ਵਾਲੇ ਇਕ ਵੈੱਬ ਟੀ.ਵੀ. ਦੇ ਪੱਤਰਕਾਰ ਮਨਦੀਪ ਰਸੂਲਪੁਰ ਨੂੰ ਨਸ਼ਾ ਤਸਕਰ ਵਲੋਂ ਦਿੱਤੀ ਗਈ ਮਾਰਨ ਦੀ ਧਮਕੀ ਖ਼ਿਲਾਫ਼ ਜਗਰਾਉਂ ਸ਼ਹਿਰ ਵਿਚ ਵਿਸ਼ਾਲ ਰੋਹ ਭਰਪੂਰ ਮੁਜ਼ਾਹਰਾ ਕਰਕੇ ਵੈੱਬ ਪੱਤਰਕਾਰਾਂ ਅਤੇ ਜਨਤਕ ਸੰਘਰਸ਼ਸ਼ੀਲ ਜਥੇਬੰਦੀਆਂ ਵਲੋਂ ਏ.ਡੀ.ਸੀ. ਦਫ਼ਤਰ ਵਿਖੇ ਧਰਨਾ ਦਿੱਤਾ ਗਿਆ। ਰੋਸ ਧਰਨੇ ਨੂੰ ਸੰਬੋਧਨ ਕਰਨ ਵਾਲੇ ਬੁਲਾਰਿਆਂ ਨੇ ਮੰਗ ਕੀਤੀ ਕਿ ਪੱਤਰਕਾਰ ਮਨਦੀਪ ਸਿੰਘ ਅਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਅਵਤਾਰ ਸਿੰਘ ਤਾਰੀ ਨੂੰ ਧਮਕਾਉਣ ਵਾਲੇ ਐੱਸ.ਐੱਚ.ਓ. ਹਠੂਰ, ਡੀ.ਐੱਸ.ਪੀ. ਰਾਏਕੋਟ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ, ਨਸ਼ਿਆਂ ਖ਼ਿਲਾਫ਼ ਸੁਹਿਰਦ ਕਾਰਵਾਈ ਕਰਦਿਆਂ ਨਸ਼ੇ ਤੋਂ ਪੀੜਤ ਨੌਜਵਾਨਾਂ ਨਾਲ ਮੁਜ਼ਰਮਾਨਾ ਰਵੱਈਆ ਅਪਣਾਉਣਾ ਬੰਦ ਕੀਤਾ ਜਾਵੇ, ਪੱਤਰਕਾਰ ਨੂੰ ਧਮਕੀਆਂ ਦੇਣ ਵਾਲੇ ਨਸ਼ਾ ਤਸਕਰਾਂ ਖ਼ਿਲਾਫ਼ ਮੁਕੱਦਮੇ ਵਿਚ ਅਸਲਾ ਐਕਟ ਤੇ ਐੱਨ.ਡੀ.ਪੀ.ਐੱਸ ਐਕਟ ਦੀਆਂ ਧਰਾਵਾਂ ਦਾ ਵਾਧਾ ਕੀਤਾ ਜਾਵੇ, ਨਸ਼ੇ ਦੀ ਜੜ੍ਹ ਬੇਰੁਜ਼ਗਾਰੀ ਨੂੰ ਖ਼ਤਮ ਕੀਤਾ ਜਾਵੇ, ਨਸ਼ਾ ਛਡਾਉ ਸੈਂਟਰਾਂ ਵਿਚ ਨਸ਼ੇ ਤੋਂ ਪੀੜ੍ਹਤ ਨੌਜਵਾਨਾਂ ਨਾਲ ਜਾਨਵਰਾਂ ਵਰਗਾ ਵਤੀਰਾ ਬੰਦ ਕਰਕੇ, ਮੈਡੀਕਲ ਇਲਾਜ ਦੇ ਨਾਲ ਅਪਣੇਪਣ ਵਾਲਾ ਵਿਹਾਰ ਕਰਕੇ ਮੁੜ ਵਸੇਬੇ ਦਾ ਪ੍ਰਬੰਧ ਕੀਤਾ ਜਾਵੇ। ਇਸ ਮੌਕੇ ਨਸ਼ਿਆਂ ਅਤੇ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਸਬੰਧੀ ਜਗਰਾਉਂ ਸ਼ਹਿਰ ਵਿਚ ਰੋਸ ਮਾਰਚ ਕੀਤਾ ਗਿਆ, ਇਸ ਉਪਰੰਤ ਕਈ ਘੰਟੇ ਏ.ਡੀ.ਸੀ. ਦਫ਼ਤਰ ਜਗਰਾਉਂ ਦੇ ਬਾਹਰ ਵਿਸ਼ਾਲ ਧਰਨਾ ਦਿੱਤਾ ਗਿਆ। ਜਿਸ ਨੂੰ ਪ੍ਰਧਾਨ ਵਿਸ਼ਾਲ ਸਿਡਾਨਾ, ਮਨਿੰਦਰਜੀਤ ਸਿੱਧੂ, ਜੱਸ ਗਰੇਵਾਲ, ਸੁਖਵਿੰਦਰ ਸਿੰਘ ਸਿੱਧੂ, ਕਲਪਨਾ, ਅਲੀਸ਼ਾ, ਜਗਤਾਰ ਸਰਾਂ, ਜਸਬੀਰ ਸੇਤਰਾ, ਹਿੰਮਤਾਜ, ਗੁਰਦੀਪ ਸਿੰਘ ਮਲਕ, ਮੋਹਨ ਔਲਖ, ਡਾ. ਬਖ਼ਸ਼ੀਸ਼ ਆਜ਼ਾਦ, ਅਰੁਣ ਚਿੰਤਨ, ਹਰਪ੍ਰੀਤ ਸਿੰਘ ਕੈਹਲ, ਜਸਵਿੰਦਰ ਛਿੰਦਾ, ਕੁਲਦੀਪ ਲੋਹਟ, ਕਾਮਰੇਡ ਗੁਰਦੀਪ ਸਿੰਘ ਮੋਤੀ ਏਟਕ, ਨਿਰਭੈ ਸਿੰਘ ਢੁੱਡੀਕੇ, ਕੰਵਲਜੀਤ ਖੰਨਾ, ਕਰਮਜੀਤ ਮਾਣੂੰਕੇ, ਪਵਨ ਕੁਮਾਰ, ਸੁਖਪ੍ਰੀਤ ਕੌਰ, ਗੁਰਦਿਆਲ ਭੱਟੀ, ਹਰਦੇਵ ਸੰਧੂ, ਅਵਤਾਰ ਸਿੰਘ ਤਾਰੀ, ਜੋਗਿੰਦਰ ਆਜ਼ਾਦ, ਸੁਦਾਗਰ ਸਿੰਘ ਘੁਡਾਣੀ ਬੀ.ਕੇ.ਯੂ ਉਗਰਾਹਾਂ, ਜਗਤਾਰ ਸਿੰਘ ਬੀ.ਕੇ.ਯੂ ਡਕੌਂਦਾ, ਜਸਵੰਤ ਜ਼ੀਰਖ, ਸੁਰਿੰਦਰ ਸਿੰਘ, ਜਸਦੇਵ ਸਿੰਘ ਲਲਤੋਂ, ਗੁਰਮੇਲ ਸਿੰਘ ਰੂੰਮੀ ਨੇ ਸੰਬੋਧਨ ਕੀਤਾ।




ਜਗਰਾਉਂ 'ਚ ਨਸ਼ਿਆਂ ਖ਼ਿਲਾਫ਼ ਰੋਸ ਮਾਰਚ ਕਰਦੇ ਆਗੂ ਤੇ ਪੱਤਰਕਾਰ। ਤਸਵੀਰ: ਗੁਰਦੀਪ ਸਿੰਘ ਮਲਕ



ਡਿਸਪੋਜ਼ਲ ਰੋਡ ਜਗਰਾਉਂ ਵਿਖੇ ਲੱਗੇ ਕੂੜੇ ਦੇ ਡੰਪ ਨੂੰ ਚੁਕਵਾਉਣ ਲਈ ਦੂਸਰੇ ਦਿਨ ਵੀ ਧਰਨੇ 'ਤੇ ਬੈਠੇ ਲੋਕਾਂ ਨਾਲ ਗੱਲਬਾਤ ਕਰਦੇ ਹੋਏ ਈ.ਓ. ਹਰਨਰਿੰਦਰ ਸਿੰਘ ਸ਼ੇਰਗਿੱਲ। ਤਸਵੀਰ: ਭੁਪਿੰਦਰ ਸਿੰਘ ਮੁਰਲੀ

# ਕੂੜੇ ਦੇ ਡੰਪ ਨੂੰ ਚੁਕਵਾਉਣ ਲਈ ਦੂਸਰੇ ਦਿਨ ਵੀ ਧਰਨਾ ਜਾਰੀ ਰਿਹਾ

## ਜਲਦੀ ਕੂੜੇ ਦਾ ਡੰਪ ਚੁਕਵਾਇਆ ਜਾਵੇਗਾ-ਈ.ਓ. ਸ਼ੇਰਗਿੱਲ

ਜਗਰਾਉਂ, 28 ਅਕਤੂਬਰ (ਸ਼ਮਸ਼ੇਰ ਸਿੰਘ ਗਾਲਿਬ, ਹਰਵਿੰਦਰ ਸਿੰਘ ਖ਼ਾਲਸਾ)-ਡਿਸਪੋਜ਼ਲ ਰੋਡ ਜਗਰਾਉਂ 'ਤੇ ਲੱਗਾ ਕੂੜੇ ਦਾ ਵੱਡਾ ਡੰਪ ਲੋਕਾਂ ਲਈ ਸਮੱਸਿਆ ਬਣਿਆ ਹੋਇਆ ਹੈ, ਜਿਸ ਨੂੰ ਚੁਕਵਾਉਣ ਲਈ ਬੀਤੇ ਕੱਲ੍ਹ ਤੋਂ ਚਾਰਾਂ ਮੁਹੱਲਿਆਂ ਅਗਵਾੜ ਖੁਆਜਾ ਬਾਜੂ, ਕੋਠੇ ਅੱਠ ਚੱਕ, ਨਾਨਕ ਨਗਰੀ ਅਤੇ ਡਿਸਪੋਜ਼ਲ ਰੋਡ ਦੇ ਲੋਕਾਂ ਵਲੋਂ ਲਗਾਇਆ ਧਰਨਾ ਦੂਸਰੇ ਦਿਨ ਵੀ ਜਾਰੀ ਰਿਹਾ। ਇਸ ਮੌਕੇ ਸਰਪੰਚ ਬਲਜਿੰਦਰ ਸਿੰਘ ਨੇ ਕਿਹਾ ਕਿ ਜਦ ਤੱਕ ਇਕ ਕੂੜੇ ਦਾ ਡੰਪ ਮੁਕੰਮਲ ਤੌਰ 'ਤੇ ਚੁੱਕਿਆ ਨਹੀਂ ਜਾਂਦਾ ਅਸੀਂ ਧਰਨਾ ਜਾਰੀ ਰੱਖਾਂਗੇ। ਦੂਸਰੇ ਦਿਨ ਭਾਵੇਂ ਨਗਰ ਕੌਂਸਲ ਅਤੇ ਚਾਰਾਂ ਮੁਹੱਲਿਆਂ ਦੇ ਨਿਵਾਸੀਆਂ ਵਲੋਂ ਟਰਾਲੀਆਂ ਰਾਹੀਂ 15 ਤੋਂ ਵੱਧ ਟਰਾਲੀਆਂ ਕੂੜਾ ਚੁੱਕਿਆ ਗਿਆ ਹੈ, ਪਰ ਫਿਰ ਵੀ ਮੁਹੱਲਾ ਨਿਵਾਸੀਆਂ ਦੀ ਸੰਤੁਸ਼ਟੀ ਨਹੀਂ ਹੋਈ। ਇਸ ਸਮੇਂ ਧਰਨੇ ਦੌਰਾਨ ਸਰਪੰਚ ਅਸ਼ੋਕ ਸਿੰਘ ਅੱਠ ਚੱਕ ਕੋਠੇ, ਸਾਬਕਾ ਪ੍ਰਧਾਨ ਸਤੀਸ਼ ਕੁਮਾਰ ਪੱਪੂ, ਰਾਜ ਭਾਰਦਵਾਜ਼, ਰਵਿੰਦਰ ਸੱਭਰਵਾਲ, ਕੰਵਲਜੀਤ ਖੰਨਾ, ਪ੍ਰਸ਼ੋਤਮ ਲਾਲ ਖ਼ਲੀਫਾ ਨੇ ਕਿਹਾ ਕਿ ਕੂੜੇ ਦੀ ਸਮੱਸਿਆ ਤੋਂ ਸ਼ਹਿਰ ਵਾਸੀ ਡਾਢੇ ਪ੍ਰੇਸ਼ਾਨ ਹਨ, ਹੁਣ ਇਹ ਕੂੜੇ 'ਤੇ ਢੇਰਾਂ 'ਤੇ ਖਰੂਦ ਕਰਦੇ ਪਸ਼ੂ ਲੋਕਾਂ ਲਈ ਹਾਦਸਿਆਂ ਦਾ ਕਾਰਨ ਬਣਦੇ ਹਨ। ਡਿਸਪੋਜ਼ਲ ਰੋਡ ਦਾ ਰਸਤਾ ਜਗਰਾਉਂ ਤੋਂ ਕਈ ਕੋਠਿਆਂ ਅਤੇ ਨਾਨਕਸਰ ਨੂੰ ਜਾਂਦਾ ਹੈ ਅਤੇ ਅਕਸਰ ਹੀ ਇਸ ਰਸਤੇ 'ਤੇ ਆਵਾਜਾਈ ਰਹਿੰਦੀ ਹੈ, ਪਰ ਇਸ ਥਾਂ 'ਤੇ ਲੱਗਾ ਕੂੜੇ ਦਾ ਡੰਪ ਲੋਕਾਂ ਲਈ ਪ੍ਰੇਸ਼ਾਨੀ ਦਾ ਸਬੱਬ ਅਤੇ ਬਿਮਾਰੀਆਂ ਦਾ ਕਾਰਨ ਬਣਿਆ ਹੋਇਆ ਹੈ। ਇਸ ਸਮੇਂ ਧਰਨੇ 'ਚ ਪਹੁੰਚੇ ਈ.ਓ. ਹਰਨਰਿੰਦਰ ਸਿੰਘ ਸ਼ੇਰਗਿੱਲ ਨੇ ਧਰਨਾਕਾਰੀਆਂ ਨੂੰ ਭਰੋਸਾ ਦਿਵਾਇਆ ਕਿ ਜਲਦੀ ਹੀ ਇੱਥੋਂ ਕੂੜੇ ਦਾ ਡੰਪ ਚੁੱਕਿਆ ਜਾਵੇਗਾ, ਇਸਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਉਨ੍ਹਾਂ ਚਾਰਾਂ ਮੁਹੱਲਿਆਂ ਦੇ ਨਿਵਾਸੀ ਲੋਕਾਂ ਨੂੰ ਧਰਨਾ ਚੁੱਕਣ ਦੀ ਅਪੀਲ ਕੀਤੀ। ਇਸ ਮੌਕੇ ਨਵਤੇਜ ਸਿੰਘ ਪੰਚ, ਸਤਨਾਮ ਸਿੰਘ ਸੱਤੂ ਪੰਚ, ਰਵੀ ਸਿੰਘ ਪੰਚ, ਸਨੀ, ਸਤੀਸ਼ ਕੁਮਾਰ ਪੱਪੂ ਕੌਂਸਲਰ, ਰਜਿੰਦਰ ਕੁਮਾਰ, ਰਾਜ ਭਾਰਦਵਾਜ, ਸੰਜੂ ਕੁਮਾਰ, ਪ੍ਰਭਪ੍ਰੀਤ ਸਿੰਘ, ਜੰਗ ਸਿੰਘ, ਕਰਮਜੀਤ ਸਿੰਘ ਕੈਂਥ, ਮਦਨ ਸਿੰਘ, ਪ੍ਰਭ ਜਗਰਾਉਂ, ਦਿਨੇਸ਼ ਕੁਮਾਰ, ਹਰਜਿੰਦਰ ਸਿੰਘ ਧੀਮਾਨ ਅਤੇ ਚਾਰਾਂ ਮੁਹੱਲਿਆਂ ਦੇ ਵਾਸੀ ਹਾਜ਼ਰ ਸਨ।

## ਪੰਜਾਬ ਸਰਕਾਰ ਵਲੋਂ ਕੁਲੈਕਟਰ (ਸਰਕਲ) ਰੇਟ ਵਾਧਾ ਲੋਕਾਂ 'ਤੇ ਆਰਥਿਕ ਬੋਝ- ਇਯਾਲੀ

ਮੁੱਲਾਂਪੁਰ-ਦਾਖਾ, 28 ਅਕਤੂਬਰ (ਨਿਰਮਲ ਸਿੰਘ ਧਾਲੀਵਾਲ)- ਲੁਧਿਆਣਾ ਦੀਆਂ 2 ਦਰਜਨ ਸਰਕਾਰੀ ਜਾਇਦਾਦਾਂ ਵੇਚਣ ਦੀ ਤਿਆਰੀ 'ਚ ਘਿਰੀ ਪੰਜਾਬ ਸਰਕਾਰ ਵਲੋਂ ਖੇਤੀਬਾੜੀ ਜ਼ਮੀਨ ਰਜਿਸਟਰੀਆਂ 'ਤੇ ਸਰਕਲ ਰੇਟ ਵਧਾ ਕੇ ਕਿਸਾਨ ਵਿਰੋਧੀ ਹੋਣ ਦਾ ਸਬੂਤ ਦਿੱਤਾ। ਇਹ ਪ੍ਰਗਟਾਵਾ ਐੱਮ.ਐੱਲ.ਏ. ਮਨਪ੍ਰੀਤ ਸਿੰਘ ਇਯਾਲੀ ਵਲੋਂ ਸਰਕਾਰ ਦੇ ਰਜਿਸਟਰੀਆਂ ਮੌਕੇ ਕੁਲੈਕਟਰ ਰੇਟਾਂ 'ਚ ਬੇਤਹਾਸ਼ਾ ਵਾਧੇ ਨਾਲ ਆਮ ਲੋਕਾਂ 'ਤੇ ਬੋਝ ਪ੍ਰਤੀ ਚਿੰਤਤ ਹੁੰਦਿਆਂ ਕੀਤਾ। ਐੱਮ.ਐੱਲ.ਏ. ਇਯਾਲੀ ਨੇ ਦੱਸਿਆ ਕਿ ਹਲਕਾ ਦਾਖਾ ਦੇ ਪਿੰਡ ਭਨੋਹੜ ਵਿਚ ਖੇਤੀਬਾੜੀ ਪ੍ਰਤੀ ਏਕੜ 40 ਲੱਖ ਨੂੰ ਕੁਲੈਕਟਰ ਰੇਟਾਂ ਦੀ ਨਵੀਂ ਪ੍ਰੋਪੋਜ਼ਲ 'ਚ 80 ਲੱਖ ਕਰ ਦੇਣਾ ਬੇਲੋੜਾ ਹੈ। ਇਸ ਤਰ੍ਹਾਂ ਪਿੰਡ ਗਹੌਰ 'ਚ 38 ਲੱਖ ਪ੍ਰਤੀ ਏਕੜ ਹੁਣ 47 ਲੱਖ ਹੋਵੇਗਾ। ਪਿੰਡ ਬੀਰਮੀ 'ਚ ਪਹਿਲਾਂ ਹੀ ਸਿਖਰ ਛੋਹ ਰਿਹਾ 85 ਲੱਖ ਪ੍ਰਤੀ ਏਕੜ ਖੇਤੀਬਾੜੀ ਕੁਲੈਕਟਰ ਰੇਟ ਹੁਣ 96 ਲੱਖ ਹੋ ਗਿਆ। ਇਯਾਲੀ ਨੇ ਕਿਹਾ ਕਿ ਸਬ ਤਹਿਸੀਲ ਮੁੱਲਾਂਪੁਰ-ਦਾਖਾ ਨਾਲ ਜੁੜੇ 29 ਪਿੰਡਾਂ 'ਚ ਅਜਿਹਾ ਕੋਈ ਪਿੰਡ ਨਹੀਂ, ਜਿਥੇ ਕੁਲੈਕਟਰ ਰੇਟ ਨਾ ਵਧਿਆ ਹੋਵੇ, ਹੋਰ ਤਾਂ ਹੋਰ ਨਗਰ ਕੌਂਸਲ ਮੁੱਲਾਂਪੁਰ-ਦਾਖਾ ਦੀ ਹੱਦ ਅੰਦਰ ਕਮਰਸ਼ੀਅਲ ਕੁਲੈਕਟਰ ਰੇਟਾਂ ਵਿਚ 20 ਫ਼ੀਸਦੀ ਵਾਧਾ ਹੋਇਆ ਹੈ। ਇਯਾਲੀ ਨੇ ਕਿਹਾ ਕਿ ਸਰਕਾਰ ਦੀ ਮਹਿੰਗਾਈ ਦਾ ਹਰ ਪਾਸੇ ਤਹਿਲਕਾ ਮੱਚਿਆ ਹੋਇਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਸੂਬੇ ਦੇ ਲੋਕਾਂ ਦਾ ਆਰਥਿਕ ਬੋਝ ਘਟਾਉਣ ਲਈ ਸਰਕਲ ਰੇਟ (ਕੁਲੈਕਟਰ) ਵਾਧਾ ਵਾਪਿਸ ਲੈਣਾ ਚਾਹੀਦਾ।





ਬਹੁਜਨ ਸਮਾਜ ਪਾਰਟੀ ਹਲਕਾ ਰਾਏਕੋਟ ਦੇ ਆਗੂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ। ਤਸਵੀਰ: ਬਲਵਿੰਦਰ ਸਿੰਘ ਲਿੱਤਰ

# ਬਸਪਾ ਵਲੋਂ ਹਲਕਾ ਰਾਏਕੋਟ 'ਚ ਪਾਰਟੀ ਦੀ ਮਜ਼ਬੂਤੀ ਲਈ ਗਤੀਵਿਧੀਆਂ ਤੇਜ਼

## ਗੁਰਪ੍ਰੀਤ ਸਿੰਘ ਰੌਬਿਨ ਪਿੰਡ ਹਿੱਸੋਵਾਲ ਦੇ ਯੂਨਿਟ ਪ੍ਰਧਾਨ ਨਿਯੁਕਤ

ਰਾਏਕੋਟ, 28 ਅਕਤੂਬਰ (ਬਲਵਿੰਦਰ ਸਿੰਘ ਲਿੱਤਰ)-ਬਹੁਜਨ ਸਮਾਜ ਪਾਰਟੀ ਹਲਕਾ ਰਾਏਕੋਟ ਦੇ ਹਲਕਾ ਪ੍ਰਧਾਨ ਹਰਸ਼ਮਿੰਦਰ ਸਿੰਘ ਰਾਜ ਆਂਡਲੂ ਦੀ ਦੇਖ-ਰੇਖ ਹੇਠ ਪਿੰਡ ਹਿੱਸੋਵਾਲ ਦੇ ਯੂਨਿਟ ਪ੍ਰਧਾਨ ਦੀ ਨਿਯੁਕਤੀ ਕੀਤੀ ਗਈ। ਜਿਸ ਦੌਰਾਨ ਜ਼ਿਲ੍ਹਾ ਪ੍ਰਧਾਨ ਹਰਭਜਨ ਸਿੰਘ ਦੁਲਮਾਂ ਵਿਸ਼ੇਸ਼ ਤੌਰ 'ਤੇ ਪੁੱਜੇ। ਜਿਨ੍ਹਾਂ ਵਲੋਂ ਗੁਰਪ੍ਰੀਤ ਸਿੰਘ ਰੋਬਿਨ ਨੂੰ ਪਿੰਡ ਹਿੱਸੋਵਾਲ ਦੇ ਯੂਨਿਟ ਪ੍ਰਧਾਨ ਵਜੋਂ ਚੁਣਿਆ ਗਿਆ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਬਹੁਜਨ ਸਮਾਜ ਪਾਰਟੀ ਦੇ ਹਾਈਕਮਾਂਡ ਦੇ ਹੁਕਮਾਂ ਮੁਤਾਬਿਕ ਪਾਰਟੀ ਨੂੰ ਹਲਕਾ ਪੱਧਰ ਤੱਕ ਮਜ਼ਬੂਤ ਕੀਤਾ ਜਾ ਰਿਹਾ ਹੈ। ਜਿਸ ਤਹਿਤ ਹਰ ਪਿੰਡ ਵਿਚ ਇਕਾਈਆਂ ਬਣਾਈਆਂ ਜਾਣਗੀਆਂ ਤਾਂ ਜੋ ਬਹੁਜਨ ਸਮਾਜ ਪਾਰਟੀ ਸੂਬੇ ਅੰਦਰ ਮਜ਼ਬੂਤ ਕੀਤਾ ਜਾ ਸਕੇ। ਇਸ ਮੌਕੇ ਪਿੰਡ ਹਿੱਸੋਵਾਲ ਦੇ ਨਵ-ਨਿਯੁਕਤ ਪ੍ਰਧਾਨ ਗੁਰਪ੍ਰੀਤ ਸਿੰਘ ਰੌਬਿਨ ਨੇ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਪਾਰਟੀ ਦੇ ਵਿਸਥਾਰ ਲਈ ਸਮੁੱਚੇ ਨਗਰ ਵਿਚ ਲੋਕਾਂ ਨੂੰ ਪਾਰਟੀ ਦੀਆਂ ਨੀਤੀਆਂ ਬਾਰੇ ਲਾਮਬੰਦ ਕਰਨਗੇ। ਇਸ ਮੌਕੇ ਸੀਨੀਅਰ ਜਗਜੀਤ ਸਿੰਘ ਬਿੱਟੂ, ਸੀਨੀਅਰ ਆਗੂ ਨਿਰਮਲ ਸਿੰਘ ਖੰਨਾ, ਜ਼ਿਲ੍ਹਾ ਜਨਰਲ ਸਕੱਤਰ ਤਰਸੇਮ ਸਿੰਘ ਬਸਰਾਉਂ, ਹਲਕਾ ਇੰਚਾਰਜ ਰਾਂਝਾ ਸਿੰਘ ਗੋਂਦਵਾਲ, ਹਲਕਾ ਪ੍ਰਧਾਨ ਹਰਸ਼ਮਿੰਦਰ ਸਿੰਘ ਆਂਡਲੂ, ਜ਼ਿਲ੍ਹਾ ਸਕੱਤਰ ਪਰਮਜੀਤ ਸਿੰਘ, ਮੀਤ ਪ੍ਰਧਾਨ ਸੰਤੋਖ ਸਿੰਘ ਭਟੋਆ, ਸਰਪ੍ਰਸਤ ਸ਼ੇਰ ਸਿੰਘ ਲੋਹਟਬੱਦੀ, ਬੀ.ਵੀ.ਐੱਫ. ਦੇ ਪ੍ਰਧਾਨ ਬਿਕਰਮਜੀਤ ਸਿੰਘ, ਅਕਾਸ਼ਦੀਪ ਸਿੰਘ ਆਂਡਲੂ, ਹਰਚੰਦ ਸਿੰਘ ਰਾਏਕੋਟ, ਪ੍ਰਕਾਸ਼ ਸਿੰਘ ਹਿੱਸੋਵਾਲ, ਹਾਕਮ ਸਿੰਘ ਬੁਢੇਲ ਆਦਿ ਹਾਜ਼ਰ ਸਨ।

## ਵਿਰਸਾ ਸੰਭਾਲ ਗਤਕਾ ਮੁਕਾਬਲਾ 16 ਨਵੰਬਰ ਨੂੰ

ਚੌਂਕੀਮਾਨ, 28 ਅਕਤੂਬਰ (ਤੇਜਿੰਦਰ ਸਿੰਘ ਚੱਢਾ)-ਬ੍ਰਹਮ ਗਿਆਨੀ ਬਾਬਾ ਮਿੱਤ ਸਿੰਘ ਗਤਕਾ ਅਖਾੜਾ ਪਿੰਡ ਮੰਡਿਆਣੀ ਵਲੋਂ ਪ੍ਰਕਾਸ਼ ਪੁਰਬ ਅਤੇ ਬ੍ਰਹਮ ਗਿਆਨੀ ਬਾਬਾ ਮਿੱਤ ਸਿੰਘ ਦੀ 82ਵੀਂ ਬਰਸੀ ਨੂੰ ਸਮਰਪਿਤ ਦੂਸਰਾ ਵਿਰਸਾ ਸੰਭਾਲ ਗਤਕਾ ਮੁਕਾਬਲਾ ਮੀਰੀ ਪੀਰੀ ਪਾਰਕ ਪਿੰਡ ਮੰਡਿਆਣੀ ਵਿਚ ਮਿਤੀ 16 ਨਵੰਬਰ 2025, ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਜਥੇਦਾਰ ਪਲਵਿੰਦਰ ਸਿੰਘ, ਗਤਕਾ ਕੋਚ ਰਣਜੋਧ ਸਿੰਘ ਤੇ ਗੁਰਚਰਨ ਸਿੰਘ ਜੌਹਲ ਮੰਡਿਆਣੀ ਨੇ ਦੱਸਿਆ ਕਿ 16 ਨਵੰਬਰ 2025, ਦਿਨ ਐਤਵਾਰ ਨੂੰ ਸ਼ਾਮ 3 ਵਜੇ ਤੋਂ 10 ਵਜੇ ਤੱਕ ਗੱਤਕੇ ਮੁਕਾਬਲੇ ਕਰਵਾਏ ਜਾਣਗੇ। ਜਿਸ ਵਿਚ ਲੜਕਿਆਂ ਦੀਆਂ ਟੀਮਾਂ ਆਪਣੇ ਗਤਕੇ ਦੇ ਜੌਹਰ ਵਿਖਾਉਣਗੀਆਂ। ਉਨ੍ਹਾਂ ਦੱਸਿਆ ਕਿ ਗਤਕੇ ਦੇ ਮੁਕਾਬਲਿਆਂ ਦਾ ਉਦਘਾਟਨ ਬਾਬਾ ਜੋਗਿੰਦਰ ਸਿੰਘ ਬੁੱਢਾ ਦਲ (96 ਕਰੋੜੀ) ਰਕਬੇ ਵਾਲੇ ਕਰਨਗੇ।

# ਡਾ. ਕੰਗ ਨੇ ਇੰਟਰਲਾਕ ਟਾਇਲਾਂ ਲਾਉਣ ਦੇ ਕੰਮ ਦੀ ਕਰਵਾਈ ਸ਼ੁਰੂਆਤ



ਪਿੰਡ ਸਵੱਦੀ ਕਲਾਂ ਵਿਖੇ ਇੰਟਰਲਾਕ ਟਾਇਲਾਂ ਲਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਉਣ ਸਮੇਂ ਹਲਕਾ ਇੰਚਾਰਜ ਡਾ. ਕੰਵਲ ਨੈਨ ਸਿੰਘ ਕੰਗ, ਨਾਲ ਸਰਪੰਚ ਮਾ: ਅਵਤਾਰ ਸਿੰਘ ਬਿੱਲੂ ਵਲੈਤੀਆ, ਮਨਜੀਤ ਸਿੰਘ ਤੂਰ ਜੇ.ਈ ਤੇ ਹੋਰ। ਅਜੀਤ ਤਸਵੀਰ

ਚੌਂਕੀਮਾਨ, 28 ਅਕਤੂਬਰ (ਤੇਜਿੰਦਰ ਸਿੰਘ ਚੱਢਾ)-ਪਿੰਡ ਸਵੱਦੀ ਕਲਾਂ ਵਿਖੇ ਆਮ ਆਦਮੀ ਪਾਰਟੀ ਦੇ ਹਲਕਾ ਦਾਖਾ ਦੇ ਇੰਚਾਰਜ ਡਾ: ਕੰਵਲ ਨੈਨ ਸਿੰਘ ਕੰਗ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਬਲਾਕ ਪ੍ਰਧਾਨ ਸਤਵਿੰਦਰ ਸਿੰਘ ਕੋਨੀ ਸਵੱਦੀ ਅਤੇ ਸਰਪੰਚ ਅਤੇ ਪੰਚ ਮਾ: ਅਵਤਾਰ ਸਿੰਘ ਬਿੱਲੂ ਵਲੈਤੀਆ, ਪੰਚ ਮਨਜੀਤ ਸਿੰਘ ਤੂਰ ਜੇ.ਈ, ਪੰਚ ਗੁਰਤੇਜਪਾਲ ਸਿੰਘ ਤੂਰ, ਪੰਚ ਕੁਲਵਿੰਦਰ ਸਿੰਘ, ਪੰਚ ਅਮਰਜੀਤ ਕੌਰ, ਪੰਚ ਬਲਵਿੰਦਰ ਕੌਰ ਸਮੇਤ ਸਮੁੱਚੀ ਪੰਚਾਇਤ ਵਲੋਂ ਪਿੰਡ ਵਿਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਤਹਿਤ ਪਿੰਡ ਵਿਚ ਇੰਟਰਲਾਕ ਟਾਇਲ ਲਗਾਉਣ ਦੇ ਕੰਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਡਾ. ਕੰਵਲ ਨੈਨ ਸਿੰਘ ਕੰਗ ਨੇ ਕਿਹਾ ਕਿ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁੱਖ ਮਕਸਦ ਸੂਬੇ ਵਿਚੋਂ ਰਿਸ਼ਵਤਖੋਰੀ ਤੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਕੇ ਵਿਕਾਸ ਕਰਨਾ ਹੈ ਤੇ ਇਸ ਦੇ ਨਾਲ ਹੀ ਸੂਬੇ ਵਿਚੋਂ ਚਿੱਟੇ ਵਰਗੇ ਕੋਹੜ ਨੂੰ ਵੀ ਖ਼ਤਮ ਕਰਨਾ ਹੈ, ਜਿਸ ਤਹਿਤ ਸਰਕਾਰ ਵਲੋਂ ਨਸ਼ੇ ਦੇ ਵਪਾਰੀਆਂ ਨੂੰ ਫੜ੍ਹਿਆ ਜਾ ਰਿਹਾ ਹੈ ਤੇ ਉਨ੍ਹਾਂ ਵਲੋਂ ਨਸ਼ਾ ਵੇਚ ਕੇ ਬਣਾਈ ਜਾਇਦਾਦ 'ਤੇ ਬੁਲਡੋਜ਼ਰ ਚਲਾਇਆ ਜਾ ਰਿਹਾ ਹੈ। ਇਸ ਮੌਕੇ ਸਰਪੰਚ, ਪੰਚ ਮਾ: ਅਵਤਾਰ ਸਿੰਘ ਬਿੱਲੂ ਵਲੈਤੀਆਂ, ਪੰਚ ਮਨਜੀਤ ਸਿੰਘ ਤੂਰ ਜੇ.ਈ, ਪੰਚ ਗੁਰਤੇਜਪਾਲ ਸਿੰਘ ਤੂਰ ਤੇ ਪ੍ਰਧਾਨ ਸਤਵਿੰਦਰ ਸਿੰਘ ਕੋਨੀ ਸਵੱਦੀ ਦੀ ਅਗਵਾਈ ਵਿਚ ਡਾ. ਕੰਵਲ ਨੈਨ ਸਿੰਘ ਕੰਗ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸਮਾਜ ਸੇਵੀ ਅਵਤਾਰ ਸਿੰਘ ਤਾਰੀ ਸਵੱਦੀ, ਗੁਰਸੇਵਕ ਸਿੰਘ ਤੂਰ ਸਵੱਦੀ, ਪਰਮਿੰਦਰ ਸਿੰਘ ਭੂਰਾ, ਨਿਰਮਲ ਸਿੰਘ, ਮਹਿੰਦਰ ਸਿੰਘ, ਗੁਰਵੀਰ ਸਿੰਘ, ਜਸਪਾਲ ਸਿੰਘ ਪਾਲਾ, ਰਛਪਾਲ ਸਿੰਘ, ਜਗਜੀਤ ਸਿੰਘ ਸਾਹ, ਬਲਵਿੰਦਰ ਸਿੰਘ, ਜਸਵਿੰਦਰ ਸਿੰਘ, ਪੁਨੀਤ ਕੁਮਾਰ ਪਿੰਕੂ, ਗੁਰਮੀਤ ਸਿੰਘ ਆਦਿ ਹਾਜ਼ਰ ਸਨ।

# ਸੰਤ ਬਾਬਾ ਗੁਰਜੀਤ ਸਿੰਘ ਨਾਨਕਸਰ ਨੇ ਬਾਬਾ ਮਨਦੀਪ ਸਿੰਘ ਨੂੰ ਕੀਤਾ ਸਨਮਾਨਿਤ

*ਜਗਰਾਉਂ, 28 ਅਕਤੂਬਰ (ਹਰਵਿੰਦਰ ਸਿੰਘ ਖ਼ਾਲਸਾ)-ਜਗਰਾਉਂ ਨੇੜੇ ਗੁਰਦੁਆਰਾ ਨਾਨਕਸਰ ਕਲੇਰਾਂ ਵਿਖੇ ਬਾਬਾ ਮਨਦੀਪ ਸਿੰਘ ਅਤਰਸਰ ਸਾਹਿਬ ਵਾਲੇ ਅਤੇ ਸੰਗਤਾਂ ਨਤਮਸਤਕ ਹੋਈਆਂ। ਇਸ ਮੌਕੇ ਗੁਰਦੁਆਰਾ ਨਾਨਕਸਰ ਕਲੇਰਾਂ ਦੇ ਮਹਾਂਪੁਰਖ ਸੰਤ ਬਾਬਾ ਗੁਰਜੀਤ ਸਿੰਘ ਵਲੋਂ ਬਾਬਾ ਮਨਦੀਪ ਸਿੰਘ ਅਤਰਸਰ ਸਾਹਿਬ ਵਾਲਿਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ ਬਾਬਾ ਤਪਿੰਦਰ ਸਿੰਘ, ਬਾਬਾ ਗੁਰਮੇਲ ਸਿੰਘ, ਸਰਪੰਚ ਪਲਵਿੰਦਰ ਸਿੰਘ ਭੰਡਾਲ ਕਨੇਚ, ਬਾਬਾ ਅਮਰਜੀਤ ਸਿੰਘ ਗਗੜਾ, ਭਾਈ ਅੰਮ੍ਰਿਤਪਾਲ ਸਿੰਘ ਕਨੇਚ, ਭਾਈ ਪ੍ਰਮਜੋਤ ਸਿੰਘ, ਸੁਖਮੰਦਰ ਸਿੰਘ ਆਲਮਗੀਰ ਆਦਿ ਹਾਜ਼ਰ ਸਨ।*



ਨਾਨਕਸਰ ਕਲੇਰਾਂ ਵਿਖੇ ਨਤਮਸਤਕ ਹੋਣ ਸਮੇਂ ਬਾਬਾ ਮਨਦੀਪ ਸਿੰਘ ਅਤਰਸਰ ਸਾਹਿਬ ਨੂੰ ਸਨਮਾਨਿਤ ਕਰਦੇ ਹੋਏ ਸੰਤ ਬਾਬਾ ਗੁਰਜੀਤ ਸਿੰਘ ਨਾਨਕਸਰ। ਤਸਵੀਰ: ਭੁਪਿੰਦਰ ਸਿੰਘ ਮੁਰਲੀ

## 'ਅਜੀਤ' ਉਪ ਦਫ਼ਤਰਾਂ ਦਾ ਪਤਾ ਤੇ ਸੰਪਰਕ ਨੰਬਰ

ਅਜੀਤ/ਅਜੀਤ ਸਮਾਚਾਰ ਹੜ੍ਹ ਰਾਹਤ ਫੰਡ ਵਿਚ ਯੋਗਦਾਨ ਪਾਉਣ ਲਈ ਅਜੀਤ ਪ੍ਰਕਾਸ਼ਨ ਸਮੂਹ ਦੇ ਹੇਠ ਲਿਖੇ ਉਪ-ਦਫ਼ਤਰ ਵਿਚ ਯੋਗਦਾਨ ਰਾਸ਼ੀ ਜਮ੍ਹਾ ਕਰਵਾ ਕੇ ਰਸੀਦ ਪ੍ਰਾਪਤ ਕੀਤੀ ਜਾਵੇ।

**ਜਗਰਾਉਂ**

ਸ. ਸ਼ਮਸ਼ੇਰ ਸਿੰਘ ਗਾਲਿਬ 98148-91294
ਗੁਰ ਅਮਰ ਕੰਪਲੈਕਸ, ਤਹਿਸੀਲ ਰੋਡ 01624-226666

ਬਾ-ਅਦਾਲਤ ਸ੍ਰੀ ਰਜਨੀਸ਼ ਅਰੋੜਾ, ਪੀ.ਸੀ.ਐਸ. ਉਪ ਮੰਡਲ ਮੈਜਿਸਟ੍ਰੇਟ-ਬਾ-ਅਖਤਿਆਰਾਤ ਸਹਾਇਕ ਕੁਲੈਕਟਰ ਦਰਜਾ, ਪਹਿਲਾ, ਸਮਰਾਲਾ।
ਵਿਸ਼ਾ : ਇੰਤਕਾਲ ਨੰਬਰ 7026 ਪਿੰਡ ਪਵਾਤ-1 ਵਰਾਸਤ ਮੁਤਵਫ਼ੀ ਗੱਜਣ ਸਿੰਘ ਪੁੱਤਰ ਹਜ਼ੂਰਾ ਸਿੰਘ।

**ਨੋਟਿਸ ਇਸ਼ਤਿਹਾਰ**

ਇੰਤਕਾਲ ਨੰਬਰ 7026 ਪਿੰਡ ਪਵਾਤ-1, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ, ਪਟਵਾਰੀ ਹਲਕਾ ਵਲੋਂ ਖਾਨਗੀ ਵਸੀਅਤ ਮਿਤੀ 02.07.2016 ਮੁਤਾਬਿਕ ਮੁਤਵਫ਼ੀ ਗੱਜਣ ਸਿੰਘ, ਪੁੱਤਰ ਹਜ਼ੂਰਾ ਸਿੰਘ ਬਹੱਕ ਰਾਖੀ ਪੁੱਤਰੀ ਗੱਜਣ ਸਿੰਘ ਦਰਜ ਕਰਕੇ ਨਿਮਨਹਸਤਾਖਰ ਦੀ ਅਦਾਲਤ ਵਿਚ ਫੈਸਲੇ ਲਈ ਪੇਸ਼ ਹੋਇਆ। ਵਸੀਅਤਕਰਤਾ ਮੁਤਵਫ਼ੀ ਗੱਜਣ ਸਿੰਘ ਦੇ ਵਾਰਸਾਂ ਵਿਚੋਂ ਉਸ ਦੀ ਪਤਨੀ ਮਨਪ੍ਰੀਤ ਕੌਰ ਨਾਲ ਮਿਤੀ 01.06.2009 ਨੂੰ ਪੰਚਾਇਤੀ ਤਲਾਕ ਹੋ ਗਿਆ ਸੀ। ਜਿਸ ਤੋਂ ਬਾਅਦ ਮਨਪ੍ਰੀਤ ਕੌਰ ਦਾ ਆਪਣੇ ਪਤੀ ਮੁਤਵਫ਼ੀ ਗੱਜਣ ਸਿੰਘ ਪੁੱਤਰ ਹਜ਼ੂਰਾ ਸਿੰਘ ਵਾਸੀ ਪਿੰਡ ਪਵਾਤ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਨਾਲ ਕਿਸੇ ਤਰ੍ਹਾਂ ਦਾ ਕੋਈ ਤਾਲਮੇਲ ਨਹੀਂ ਰਿਹਾ ਅਤੇ ਨਾ ਹੀ ਉਨ੍ਹਾਂ ਪਾਸ ਮਨਪ੍ਰੀਤ ਕੌਰ ਦੀ ਮੌਜੂਦਾ ਰਿਹਾਇਸ਼ਾਂ ਦਾ ਪੂਰਾ ਪਤਾ ਹੈ।
ਇਸ ਲਈ ਮੁਤਵਫ਼ੀ ਗੱਜਣ ਸਿੰਘ ਦੀ ਤਲਾਕਸ਼ੁਦਾ ਪਤਨੀ ਮਨਪ੍ਰੀਤ ਕੌਰ ਅਤੇ ਇਸ ਤੋਂ ਇਲਾਵਾ ਹਰ ਆਮ ਅਤੇ ਖਾਸ ਨੂੰ ਇਸ ਅਖ਼ਬਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਇੰਤਕਾਲ ਦੇ ਮਨਜ਼ੂਰ ਹੋਣ ਸੰਬੰਧੀ ਜੇਕਰ ਕਿਸੇ ਵੀ ਵਿਅਕਤੀ ਨੂੰ ਇਤਰਾਜ਼ ਹੋਵੇ ਤਾਂ ਉਹ ਆਪਣਾ ਉਜ਼ਰ ਇਸ ਅਦਾਲਤ ਵਿਚ ਮਿਤੀ 27.11.2025 ਨੂੰ ਦੁਪਹਿਰ 1.00 ਵਜੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਆ ਕੇ ਆਪਣਾ ਪੱਖ ਪੇਸ਼ ਕਰ ਸਕਦਾ ਹੈ। ਨਿਯਤ ਮਿਤੀ ਤੋਂ ਬਾਅਦ ਕੋਈ ਉਜ਼ਰ ਨਹੀਂ ਸੁਣਿਆ ਜਾਵੇਗਾ ਅਤੇ ਇਸ ਇੰਤਕਾਲ ਦਾ ਫੈਸਲਾ ਮੈਰਿਟ ਦੇ ਆਧਾਰ 'ਤੇ ਕਰ ਦਿੱਤਾ ਜਾਵੇਗਾ।
ਅੱਜ ਮਿਤੀ 27.10.2025 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਹੇਠ ਜਾਰੀ ਕੀਤਾ ਗਿਆ।
ਸਹੀ/- ਰਜਨੀਸ਼ ਅਰੋੜਾ, ਪੀ.ਸੀ.ਐਸ.,
ਨੰ: 209-10/ਰੀਡਰ/ਮਿਤੀ : 27.10.25
ਉਪ ਮੰਡਲ ਮੈਜਿਸਟ੍ਰੇਟ/ਕੁਲੈਕਟਰ, ਸਹਾਇਕ ਕੁਲੈਕਟਰ ਦਰਜਾ ਪਹਿਲਾ ਸਮਰਾਲਾ।

**SIDHU COLLEGE OF NURSING, DORAHA**
G.T. Road Doraha Near Mcdonald, Distt Ludhiana
Mobile No: 8196800284,
meets_nursing@yahoo.co.in
www.sidhunursing.com

**Notice**

**Semi online counselling for leftover seats in GNM course (Session 2025/26) for Sidhu College of Nursing Doraha**

It is informed that the process for Semi Online Counselling of leftover seats for Sidhu college of Nursing, doraha will be conducted at institute level as per following schedule.
Only the candidates, who have completed application in all respects on Counselling admission portal 2025-26 of PNRC and not holding any seat in any institute, shall be allowed to appear in this round. After preparation of merit list no candidate shall be allowed to participate.

| Description | Date |
| --- | --- |
| Semi Online Counselling and joining of candidates for Sidhu College of Nursing | 30/10/2025 |

Principal Sidhu College or Nursing

**KULAR COLLEGE OF NURSING**
G.T. Road Khanna (Vill. Kishangarh) Tehsil-Khanna, Distt. Ludhiana-141401
+91-89688-73993, +91-97006-40001
PRINCIPALKULARCON@GMAIL.COM
WWW.KULARCON.COM

**NOTICE**

It is informed that the process for Semi Online Counselling of leftover seats for Kular College of Nursing will be conducted at Institute level as per following schedule.
Only the candidates, who have completed application in all respects on Counselling admission portal 2025-26 of PNRC and not holding any seat in any institute, shall be allowed to appear in this round. After preparation of merit list no canidate shall be allowed to participate.

| Description | Date |
| --- | --- |
| Semi online Counselling and joining of candidates for Kular College of Nursing | 30.10.2025 |

